ਕੀ ਪੱਛਮੀ ਬੰਗਾਲ 'ਚ ਗਾਇਬ ਨਾਂ ਵੋਟਿੰਗ ਦੇ ਨਤੀਜੇ ਬਦਲ ਸਕਦੇ ਹਨ!

ਸੁਪਰੀਮ ਕੋਰਟ ਦੀ ਇਕ ਟਿੱਪਣੀ ਪੱਛਮੀ ਬੰਗਾਲ ਦੇ ਚੋਣ ਫੈਸਲੇ 'ਤੇ ਡੂੰਘਾ ਅਸਰ ਪਾ ਸਕਦੀ ਹੈ। ਚੋਣ ਪ੍ਰਕਿਰਿਆ ਨੂੰ ਰੋਕਣ ਤੋਂ ਇਨਕਾਰ ਕਰਦਿਆਂ ਅਦਾਲਤ ਨੇ ਇਕ 'ਲਕਸ਼ਮਣ ਰੇਖਾ' ਖਿੱਚੀ ਹੈ : ਜੇਕਰ ਹਟਾਏ ਗਏ ਵੋਟਰਾਂ ਦੀ ਗਿਣਤੀ ਜਿੱਤ ਦੇ ਫਰਕ ਤੋਂ ਵੱਧ ਹੋਈ, ਤਾਂ ਨਤੀਜਾ ਖੁਦ ਨਿਆਂਇਕ ਜਾਂਚ ਦੇ ਘੇਰੇ 'ਚ ਆ ਜਾਵੇਗਾ।

ਇਹ ਇਕ ਟਿੱਪਣੀਸੀ, ਹੁਕਮ ਨਹੀਂ ਪਰ ਭਾਰਤ ਦੀ ਬਹੁਤ ਜ਼ਿਆਦਾ ਮੁਕੱਦਮੇਬਾਜ਼ੀ ਵਾਲੀ ਰਾਜਨੀਤੀ 'ਚ ਸ਼ਾਇਦ ਇੰਨਾ ਹੀ ਕਾਫੀ ਹੋਵੇ।

ਆਫ ਦਿ ਰਿਕਾਰਡ

ਦੂਜੀ ਗੱਲ, ਸੁਪਰੀਮ ਕੋਰਟ ਨੇ ਪੱਛਮੀ ਬੰਗਾਲ 'ਚ ਦੋਵਾਂ ਪੜਾਵਾਂ 'ਚ ਵੋਟਿੰਗ ਤੋਂ 2 ਦਿਨ ਪਹਿਲਾਂ ਵੋਟਰ ਲਿਸਟ ਦੇ ਪ੍ਰਕਾਸ਼ਨ ਦੀ ਇਜਾਜ਼ਤ ਦੇ ਕੇ ਚੋਣ ਕਮਿਸ਼ਨ ਨੂੰ ਇਕ ਹੋਰ ਝਟਕਾ ਦਿੱਤਾ ਹੈ। ਇਸ ਹੁਕਮ ਤਹਿਤ ਪਹਿਲੀ ਲਿਸਟ 21 ਅਪ੍ਰੈਲ ਤੱਕ ਅਤੇ ਦੂਜੀ 27 ਅਪ੍ਰੈਲ ਤੱਕ ਪ੍ਰਕਾਸ਼ਿਤ ਹੋਵੇਗੀ, ਕਿਉਂਕਿ ਵੋਟਿੰਗ 23 ਅਪ੍ਰੈਲ ਅਤੇ 29 ਅਪ੍ਰੈਲ ਨੂੰ ਹੋਣੀ ਹੈ।

ਲੱਗਭਗ 27 ਲੱਖ ਹਟਾਏ ਗਏ ਨਾਂ ਵਿਵਾਦਤ ਸ਼੍ਰੇਣੀ 'ਚ ਆਉਂਦੇ ਹਨ, ਹਾਲਾਂਕਿ, ਕੁੱਲ ਹਟਾਏ ਗਏ ਨਾਂ 36.44 ਲੱਖ ਹਨ (ਵੋਟਰਾਂ ਦਾ ਲੱਗਭਗ 4 ਫ਼ੀਸਦੀ)। ਜੇਕਰ 2021 ਦੀ ਵੋਟਿੰਗ ਦੇ ਪੈਟਰਨ ਨੂੰ ਦੇਖੀਏ, ਤਾਂ 44 ਸੀਟਾਂ 'ਤੇ ਹਟਾਏ ਗਏ ਵੋਟਰਾਂ (4 ਫ਼ੀਸਦੀ) ਦੀ ਗਿਣਤੀ ਜਿੱਤ ਦੇ ਮਾਰਜਿਨ ਤੋਂ ਵੱਧ ਹੈ। ਭਵਾਨੀਪੁਰ ਨੂੰ ਹੀ ਲੈ ਲਓ, ਖ਼ਬਰ ਹੈ ਕਿ 51,000 ਤੋਂ ਜ਼ਿਆਦਾ ਨਾਂ ਹਟਾ ਦਿੱਤੇ ਗਏ ਹਨ। ਜੇਕਰ ਜਿੱਤ ਦਾ ਮਾਰਜਿਨ ਉਸ ਅੰਕੜੇ ਤੋਂ ਘੱਟ ਹੁੰਦਾ ਹੈ, ਤਾਂ ਭਾਜਪਾ ਜਾਂ ਤ੍ਰਿਣਮੂਲ ਕਾਂਗਰਸ ਇਸ ਨਤੀਜੇ ਨੂੰ ਅਦਾਲਤ 'ਚ ਲੈ ਕੇ ਜਾ ਸਕਦੇ ਹਨ। ਇਸ ਨਾਲ ਕਾਨੂੰਨੀ ਤੌਰ 'ਤੇ ਮੁਸ਼ਕਿਲਾਂ ਖੜ੍ਹੀਆਂ ਹੋ ਸਕਦੀਆਂ ਹਨ।

ਇਸੇ ਸਿਲਸਿਲੇ 'ਚ ਭਾਜਪਾ ਨੇ ਮਹਿਲਾ ਵੋਟਰਾਂ ਨੂੰ ਲੁਭਾਉਣ ਲਈ ਮਹਿਲਾ ਰਾਖਵਾਂਕਰਨ ਦੇ ਪਿੱਛੇ ਆਪਣੀ ਪੂਰੀ ਤਾਕਤ ਲਗਾ ਦਿੱਤੀ। ਸਪੈਸ਼ਲ ਸੈਸ਼ਨ, ਪ੍ਰਧਾਨ ਮੰਤਰੀ ਦਾ ਭਾਸ਼ਣ ਅਤੇ ਪੂਰੀ ਮੁਹਿੰਮ ਇਨ੍ਹਾਂ 2 ਫ਼ੀਸਦੀ ਮਹਿਲਾ ਵੋਟਰਾਂ ਨੂੰ ਜਿੱਤਣ ਲਈ ਸੀ। ਅੰਦਰੂਨੀ ਸਰਵੇਖਣ ਨੇ ਭਾਜਪਾ ਨੂੰ ਦੱਸਿਆ ਹੈ ਕਿ ਭਾਜਪਾ ਅਤੇ ਤ੍ਰਿਣਮੂਲ ਵਿਚਾਲੇ 2 ਫ਼ੀਸਦੀ ਵੋਟ ਸ਼ੇਅਰ ਦਾ ਫਰਕ ਹੈ। ਭਾਜਪਾ ਇਹ 2 ਫ਼ੀਸਦੀ ਚਾਹੁੰਦੀ ਹੈ ਅਤੇ ਮਮਤਾ ਦੀਆਂ ਕੋਰ ਮਹਿਲਾ ਵੋਟਰਾਂ ਨੂੰ ਆਪਣੇ ਵੱਲ ਖਿੱਚਣ ਦੀ ਉਮੀਦ ਕਰ ਰਹੀ ਹੈ।

ਕਿਹਾ ਜਾ ਰਿਹਾ ਹੈ ਕਿ ਤ੍ਰਿਣਮੂਲ ਅਜੇ ਵੀ ਸਰਕਾਰ ਬਣਾ ਸਕਦੀ ਹੈ ਪਰ ਘੱਟ ਮਾਰਜਿਨ ਦੇ ਨਾਲ ਅਤੇ 294 ਮੈਂਬਰਾਂ ਵਾਲੀ ਵਿਧਾਨ ਸਭਾ 'ਚ ਲੱਗਭਗ 180 ਸੀਟਾਂ ਜਿੱਤ ਸਕਦੀ ਹੈ। ਉੱਥੇ ਹੀ, ਭਾਜਪਾ 100 ਸੀਟਾਂ ਦਾ ਅੰਕੜਾ ਛੂਹ ਸਕਦੀ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਚੋਣਾਂ ਤੋਂ ਬਾਅਦ ਮਮਤਾ ਸਿਆਸੀ ਤੌਰ 'ਤੇ ਸੁਰੱਖਿਅਤ ਨਹੀਂ ਰਹੇਗੀ।

ਯੂਕ੍ਰੇਨ 'ਤੇ ਰੂਸੀ ਹਮਲਾ ਇਕ ਦੀ ਮੌਤ, 26 ਜ਼ਖਮੀ

ਯੂਕ੍ਰੇਨ ਨੇ ਰੂਸੀ ਉਦਯੋਗਿਕ ਖੇਤਰਾਂ ਨੂੰ ਨਿਸ਼ਾਨਾ ਬਣਾਇਆ

ਕੀਵ, 18 ਅਪ੍ਰੈਲ (ਭਾਸ਼ਾ)–ਪੂਰੇ ਯੂਕ੍ਰੇਨ 'ਚ ਰਾਤ ਭਰ ਹੋਏ ਰੂਸੀ ਹਮਲਿਆਂ ਵਿਚ ਇਕ ਨਾਗਰਿਕ ਦੀ ਮੌਤ ਹੋ ਗਈ ਅਤੇ 26 ਲੋਕ ਜ਼ਖਮੀ ਹੋ ਗਏ। ਸਥਾਨਕ ਨੇਤਾ ਵਾਦਿਮ ਫਿਲਾਸ਼ਕਿਨ ਨੇ ਸੋਸ਼ਲ ਮੀਡੀਆ 'ਤੇ ਇਕ ਪੋਸਟ 'ਚ ਦੱਸਿਆ ਕਿ ਯੂਕ੍ਰੇਨ ਦੇ ਪੂਰਬੀ ਦੋਨੇਤਸਕ ਖੇਤਰ ਦੇ ਮਾਯਾਕੋਲਾਇਵਕਾ 'ਚ ਹੋਏ ਹਮਲੇ 'ਚ ਇਕ ਵਿਅਕਤੀ ਦੀ ਮੌਤ ਹੋ ਗਈ।

ਉੱਤਰੀ ਤੇ ਪੂਰਬੀ ਯੂਕ੍ਰੇਨ 'ਚ ਹੋਏ ਹਮਲਿਆਂ ਵਿਚ ਘੱਟੋ-ਘੱਟ 26 ਲੋਕ ਜ਼ਖਮੀ ਹੋਏ ਹਨ, ਜਿਨ੍ਹਾਂ ਵਿਚ ਓਡੇਸਾ ਸ਼ਹਿਰ 'ਚ ਬੰਦਰਗਾਹ ਦੇ ਇਕ ਬੁਨਿਆਦੀ ਢਾਂਚੇ 'ਤੇ ਕੀਤਾ ਗਿਆ ਹਮਲਾ ਵੀ ਸ਼ਾਮਲ ਹੈ। ਯੂਕ੍ਰੇਨ ਦੀ ਹਵਾਈ ਫੌਜ ਨੇ ਦੱਸਿਆ ਕਿ ਰੂਸ ਨੇ ਰਾਤ ਭਰ 'ਚ 219 ਡਰੋਨ ਦਾਗੇ, ਜਿਨ੍ਹਾਂ 'ਚੋਂ 190 ਨੂੰ ਡੇਗ ਦਿੱਤਾ ਗਿਆ।

ਇਸੇ ਦੌਰਾਨ ਗਵਰਨਰ ਵਿਆਚੇਸਲਾਵ ਫੇਡੋਰਿਸ਼ਚੇਵ ਨੇ ਦੱਸਿਆ ਕਿ ਯੂਕ੍ਰੇਨ ਨੇ ਰੂਸ 'ਚ ਸਮਾਰਾ ਖੇਤਰ ਦੇ ਨੋਵੋਕੁਇਬਿਸ਼ੇਵਸਕ ਤੇ ਸਿਜ਼ਰਾਨ 'ਚ ਉਦਯੋਗਿਕ ਖੇਤਰਾਂ ਨੂੰ ਨਿਸ਼ਾਨਾ ਬਣਾ ਕੇ ਡਰੋਨ ਹਮਲਾ ਕੀਤਾ। ਦੋਵਾਂ ਸ਼ਹਿਰਾਂ 'ਚ ਕਈ ਵੱਡੀਆਂ ਤੇਲ ਰਿਫਾਇਨਰੀਆਂ ਸਥਿਤ ਹਨ। ਰੂਸ ਦੇ ਰੱਖਿਆ ਮੰਤਰਾਲਾ ਨੇ ਕਿਹਾ ਕਿ ਉਸ ਦੀਆਂ ਫੋਰਸਾਂ ਨੇ ਰਾਤ ਭਰ 'ਚ ਰੂਸ ਦੇ 16 ਖੇਤਰਾਂ ਦੇ ਨਾਲ-ਨਾਲ ਕ੍ਰੀਮੀਆ ਦੇ ਕਬਜ਼ੇ ਵਾਲੇ ਯੂਕ੍ਰੇਨੀ ਟਾਪੂ ਅਤੇ ਕਾਲਾ ਸਾਗਰ ਤੇ ਆਜ਼ੋਵ ਸਾਗਰ ਦੇ ਉੱਪਰ 258 ਯੂਕ੍ਰੇਨੀ ਡਰੋਨ ਤਬਾਹ ਕਰ ਦਿੱਤੇ।

ਅਮਰੀਕਾ ਦੇ ਨਵੇਂ ਪ੍ਰਸਤਾਵਾਂ ਦੀ ਸਮੀਖਿਆ ਕੀਤੀ ਜਾ ਰਹੀ ਹੈ : ਈਰਾਨ

ਦੁਬਈ, 18 ਅਪ੍ਰੈਲ (ਭਾਸ਼ਾ)–ਈਰਾਨ ਨੇ ਸ਼ਨੀਵਾਰ ਨੂੰ ਕਿਹਾ ਕਿ ਉਹ ਅਮਰੀਕਾ ਵੱਲੋਂ ਪੇਸ਼ ਕੀਤੇ ਗਏ ਨਵੇਂ ਪ੍ਰਸਤਾਵਾਂ ਦੀ ਸਮੀਖਿਆ ਕਰ ਰਿਹਾ ਹੈ।

ਈਰਾਨ ਦੀ ਸਰਵਉੱਚ ਰਾਸ਼ਟਰੀ ਸੁਰੱਖਿਆ ਕੌਂਸਲ ਨੇ ਇਕ ਬਿਆਨ 'ਚ ਕਿਹਾ ਕਿ ਪਾਕਿਸਤਾਨ ਦੇ ਫੌਜ ਮੁਖੀ ਆਸਿਮ ਮੁਨੀਰ ਨੇ ਵਿਚੋਲੇ ਦੇ ਰੂਪ 'ਚ ਕੰਮ ਕਰਦੇ ਹੋਏ ਹਾਲ ਹੀ 'ਚ ਤਹਿਰਾਨ ਦੀ ਆਪਣੀ ਯਾਤਰਾ ਦੌਰਾਨ ਈਰਾਨ ਨੂੰ ਇਹ ਪ੍ਰਸਤਾਵ ਪੇਸ਼ ਕੀਤੇ ਸਨ। ਇਸ ਦਾ ਖੁਲਾਸਾ ਨਹੀਂ ਕੀਤਾ ਗਿਆ ਕਿ ਪ੍ਰਸਤਾਵਾਂ 'ਚ ਕੀ ਸ਼ਾਮਲ ਸੀ।

ਕੌਂਸਲ ਨੇ ਕਿਹਾ ਕਿ ਈਰਾਨ ਨੇ ਅਜੇ ਤੱਕ ਕੋਈ ਜਵਾਬ ਨਹੀਂ ਦਿੱਤਾ ਪਰ ਅੱਗੇ ਦੀ ਗੱਲਬਾਤ ਲਈ ਅਮਰੀਕਾ ਨੂੰ 'ਅੱਤ ਦੀਆਂ ਮੰਗਾਂ' ਨੂੰ ਛੱਡਣਾ ਪਵੇਗਾ ਅਤੇ ਜ਼ਮੀਨੀ ਹਕੀਕਤ ਦੇ ਅਨੁਸਾਰ ਆਪਣੀਆਂ ਬੇਨਤੀਆਂ ਨੂੰ ਐਡਜਸਟ ਕਰਨਾ ਪਵੇਗਾ।

ਉਸ ਨੇ ਇਹ ਵੀ ਕਿਹਾ ਕਿ ਈਰਾਨ ਹੋਰਮੁਜ਼ ਸਟ੍ਰੇਟ ਤੋਂ ਆਵਾਜਾਈ 'ਤੇ ਉਸ ਵੇਲੇ ਤੱਕ ਪੂਰਨ ਕੰਟਰੋਲ ਬਣਾਈ ਰੱਖੇਗਾ ਜਦੋਂ ਤੱਕ ਕਿ 'ਜੰਗ ਪੂਰੀ ਤਰ੍ਹਾਂ ਖ਼ਤਮ ਨਹੀਂ ਹੋ ਜਾਂਦੀ ਅਤੇ ਖੇਤਰ 'ਚ ਸਥਾਈ ਸ਼ਾਂਤੀ ਦਾ ਮਾਹੌਲ ਕਾਇਮ ਨਹੀਂ ਹੋ ਜਾਂਦਾ।'

ਕੌਂਸਲ ਨੇ ਕਿਹਾ ਕਿ ਉਹ ਅਮਰੀਕੀ ਨੇਵੀ ਨਾਕਾਬੰਦੀ ਨੂੰ ਜੰਗਬੰਦੀ ਦੀ ਉਲੰਘਣਾ ਮੰਨਦੀ ਹੈ ਅਤੇ ਜਦੋਂ ਤੱਕ ਇਸ ਨੂੰ ਹਟਾਇਆ ਨਹੀਂ ਜਾਂਦਾ ਉਸ ਵੇਲੇ ਤੱਕ ਹੋਰਮੁਜ਼ ਸਟ੍ਰੇਟ ਨੂੰ ਮੁੜ ਨਹੀਂ ਖੋਲ੍ਹਿਆ ਜਾਵੇਗਾ।

URGENTLY REQUIREMENTS FOR WELL REPUTED COMPANY IN SERBIA
For our Crusher Plants, Asphalt Plants, Batching Plant, Building & Road Construction, Projects in Serbia (EUROPE)
SHORTLISTING IN PROGRESS
Client Interview Between 1st to 7th May 2026
{PUNJAB, JAIPUR (Rajasthan)}
> DRIVERS & OPERATOR (Dump Truck, Crane, Trailer, Roller, Excavator, Bulldozer, Loaders, JCB, Concrete Pump, Mixer Truck)
> TRUCK (Mechanic & Electrician)
> STONE DRILLER (Piling, Jack, Rotary)
> PLANT OPERATOR (Crusher, Ashphalt, Batching, Concrete)
> LAND SURVEYOR
> QUARRY/ CIVIL FOREMAN
> WELDERS > ELECTRICIAN
SALARY IN (EURO) + FOOD & ACCOMMODATION
Age between 22 - 45 years (Anyone can Apply who has having relevant experience.) Indian / GCC valid heavy license is required.
Please send your Cv to Sufi@sufi.co.in
Mob.: 9911581674/ 8800174241/ 9211237728
Please carry your all documents at the time of interview:- Working videos, Resume, Photo, Passport, Relivant Certificates.
SUFI INTERNATIONAL
Office No. 101 & 102, Lila Ram Market, South Extn. - 2, New Delhi - 110049
(Licence No. B-0783/DEL/PART/1000+/5/6221/2003, Valid till 13.07.2026)

ਈਟੋਨੀਆ 'ਚ ਮੁੜ ਹੋਈ ਬਰਫਬਾਰੀ

ਵੈਨਕੂਵਰ, 18 ਅਪ੍ਰੈਲ (ਮਲਕੀਤ ਸਿੰਘ)–ਕੈਨੇਡਾ ਦੇ ਸਸਕੈਚਵਨ ਸੂਬੇ ਦੇ ਈਟੋਨੀਆ ਖੇਤਰ ਵਿਚ ਅਚਾਨਕ ਵਾਪਸੀ ਕਰਦੀ ਸਰਦੀ ਨੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਹੈ, ਜਿੱਥੇ ਮੌਸਮ ਦੇ ਅਚਾਨਕ ਬਦਲੇ ਮਿਜ਼ਾਜ ਕਾਰਨ ਬਰਫਬਾਰੀ ਹੋਣ ਦੀ ਸੂਚਨਾ ਮਿਲੀ। ਪ੍ਰਾਪਤ ਵੇਰਵਿਆਂ ਮੁਤਾਬਕ ਉੱਥੇ 48 ਸੈਂਟੀਮੀਟਰ ਤੱਕ ਬਰਫਬਾਰੀ ਦਰਜ ਕੀਤੀ ਗਈ ਹੈ।

ਇਸ ਨਾਲ ਇਲਾਕੇ ਵਿਚ ਆਵਾਜਾਈ ਅਤੇ ਰੋਜ਼ਮੱਰਾ ਦੇ ਕੰਮਕਾਜ ਪ੍ਰਭਾਵਿਤ ਹੋਏ। ਵਾਹਨਾਂ ਅਤੇ ਘਰਾਂ ਉੱਤੇ ਬਰਫ ਦੀ ਮੋਟੀ ਪਰਤ ਜੰਮ ਗਈ, ਜਿਸ ਕਾਰਨ ਲੋਕਾਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। 'ਇਨਵਾਇਰਨਮੈਂਟ ਕੈਨੇਡਾ' ਵੱਲੋਂ ਦੱਸਿਆ ਗਿਆ ਹੈ ਕਿ ਇਹ ਮੌਸਮੀ ਪ੍ਰਣਾਲੀ ਅਜੇ ਖਤਮ ਨਹੀਂ ਹੋਈ ਅਤੇ ਅਗਲੇ ਹਫ਼ਤੇ ਇਕ ਹੋਰ ਬਰਫੀਲਾ ਤੂਫ਼ਾਨ ਆ ਸਕਦਾ ਹੈ। ਇਸ ਕਾਰਨ ਸਥਾਨਕ ਲੋਕਾਂ ਨੂੰ ਸਾਵਧਾਨ ਰਹਿਣ ਦੀ ਅਪੀਲ ਕੀਤੀ ਗਈ ਹੈ।

ਸਾਬਕਾ ਭਾਜਪਾ ਸੰਸਦ ਮੈਂਬਰ ਬਲਬੀਰ ਪੁੰਜ ਦਾ ਦਿਹਾਂਤ

ਨਵੀਂ ਦਿੱਲੀ, 18 ਅਪ੍ਰੈਲ (ਵਿਸ਼ੇਸ਼) : ਪ੍ਰਸਿੱਧ ਲੇਖਕ, ਸੀਨੀਅਰ ਕਾਲਮਨਵੀਸ, ਭਾਜਪਾ ਦੇ ਸਾਬਕਾ ਰਾਸ਼ਟਰੀ ਉਪ-ਪ੍ਰਧਾਨ ਅਤੇ ਰਾਜ ਸਭਾ ਤੋਂ 2 ਵਾਰ ਸੰਸਦ ਮੈਂਬਰ ਰਹੇ ਬਲਬੀਰ ਪੁੰਜ ਦਾ ਅੱਜ ਦਿਹਾਂਤ ਹੋ ਗਿਆ। ਉਨ੍ਹਾਂ ਦੇ ਅਕਾਲ ਚਲਾਣੇ ਨਾਲ ਰਾਜਨੀਤੀ ਅਤੇ ਪੱਤਰਕਾਰੀ ਦੇ ਖੇਤਰ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਦਾ ਅੰਤਿਮ ਸੰਸਕਾਰ 19 ਅਪ੍ਰੈਲ ਨੂੰ ਦੁਪਹਿਰ 12:30 ਵਜੇ ਨਿਗਮ ਬੋਧ ਘਾਟ, ਦਿੱਲੀ ਵਿਖੇ ਕੀਤਾ ਜਾਵੇਗਾ।

भारतीय समुद्री विश्वविद्यालय
INDIAN MARITIME UNIVERSITY
(A Central University under the Ministry of Ports, Shipping and Waterways, Govt. of India)
Established by an Act of the Parliament in 2008
Be a Part of the Growth Story of Maritime Sector of India!
Last Date to Register for BBA Programmes 17/06/2026
IMU - CET DATE MAY 24 2026
LAST DATE TO REGISTER FOR IMU - CET 24/04/2026
REGISTRATIONS OPEN FOR AY 2026 - 27
IMU OFFERS PROGRAMMES UNDER :
* Marine Engineering & Technology
* Maritime Management
* Naval Architecture & Ocean Engineering
* Nautical Science
IMU-CET is mandatory for admissions to DGS approved programmes* in IMU Campuses / Affiliated Institutes of IMU / Non Affiliated Institutes (Details of Affiliated and Non Affiliated Institutes are available on IMU website)
* DGS approved programmes :
B.Tech. (Marine Engineering)
B.Sc. (Nautical Science)
Diploma in Nautical Science (DNS)
WOMEN CANDIDATES ARE ENCOURAGED TO APPLY
REGISTER NOW
To Register SCAN THE BELOW QR CODE
UG & PG Programmes (Except BBA) For enquiries : cet26@imu.ac.in
BBA Programmes For enquiries : bba26@imu.ac.in
For more information visit : www.imu.edu.in
@IMU Headquarters imu_headquaters @IMU_HQ
Helpline 044-2453 9027/28

ਲਿਬਨਾਨ 'ਚ ਸ਼ਾਂਤੀ ਸੈਨਿਕਾਂ 'ਤੇ ਹੋਏ ਹਮਲੇ 'ਚ ਇਕ ਫਰਾਂਸੀਸੀ ਜਵਾਨ ਦੀ ਮੌਤ

ਪੈਰਿਸ, 18 ਅਪ੍ਰੈਲ (ਭਾਸ਼ਾ)–ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਨੇ ਕਿਹਾ ਕਿ ਸ਼ਨੀਵਾਰ ਸਵੇਰੇ ਦੱਖਣੀ ਲਿਬਨਾਨ 'ਚ ਸੰਯੁਕਤ ਰਾਸ਼ਟਰ ਸ਼ਾਂਤੀ ਸੈਨਿਕਾਂ 'ਤੇ ਹੋਏ ਹਮਲੇ 'ਚ ਇਕ ਫਰਾਂਸੀਸੀ ਜਵਾਨ ਦੀ ਮੌਤ ਹੋ ਗਈ ਅਤੇ 3 ਹੋਰ ਜਵਾਨ ਜ਼ਖਮੀ ਹੋ ਗਏ। ਮ੍ਰਿਤਕ ਜਵਾਨ ਦੀ ਪਛਾਣ ਮੋਂਟੇਬਨ ਦੇ 17ਵੇਂ ਪੈਰਾਸ਼ੂਟ ਇੰਜੀਨੀਅਰ ਰੈਜੀਮੈਂਟ ਦੇ ਸਟਾਫ਼ ਸਾਰਜੈਂਟ ਫਲੋਰਿਅਨ ਮੋਟੇਰੀਓ ਵਜੋਂ ਹੋਈ ਹੈ। ਮੈਕਰੋਂ ਨੇ ਸੋਸ਼ਲ ਮੀਡੀਆ 'ਤੇ ਇਕ ਸੁਨੇਹੇ 'ਚ ਕਿਹਾ, "ਸਾਰੇ ਸੰਕੇਤ ਇਹੀ ਦੱਸਦੇ ਹਨ ਕਿ ਇਸ ਹਮਲੇ ਦੀ ਜ਼ਿੰਮੇਵਾਰੀ ਹਿਜ਼ਬੁੱਲਾ ਦੀ ਹੈ। ਫਰਾਂਸ ਦੀ ਮੰਗ ਹੈ ਕਿ ਲਿਬਨਾਨੀ ਅਧਿਕਾਰੀ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਅਤੇ ਦੱਖਣੀ ਲਿਬਨਾਨ 'ਚ ਸੰਯੁਕਤ ਰਾਸ਼ਟਰ ਮਿਸ਼ਨ ਦੇ ਨਾਲ ਮਿਲ ਕੇ ਆਪਣੀ ਜ਼ਿੰਮੇਵਾਰੀ ਨਿਭਾਉਣ।"

ਰਾਸ਼ਟਰਪਤੀ ਨੇ ਕਿਹਾ ਕਿ ਮੋਟੇਰੀਓ ਦੇ 3 ਸਾਥੀ ਜਵਾਨ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਸੁਰੱਖਿਅਤ ਥਾਂ 'ਤੇ ਲਿਜਾਇਆ ਗਿਆ। ਉਨ੍ਹਾਂ ਕਿਹਾ, "ਪੂਰਾ ਦੇਸ਼ ਸਾਡੇ ਫੌਜੀ ਜਵਾਨਾਂ ਦੇ ਪਰਿਵਾਰਾਂ ਅਤੇ ਲਿਬਨਾਨ 'ਚ ਸ਼ਾਂਤੀ ਲਈ ਕਾਰਜਸ਼ੀਲ ਸਾਰੇ ਜਵਾਨਾਂ ਪ੍ਰਤੀ ਸਨਮਾਨ ਪ੍ਰਗਟ ਕਰਦਾ ਹੈ ਅਤੇ ਉਨ੍ਹਾਂ ਨੂੰ ਆਪਣਾ ਸਮਰਥਨ ਦਿੰਦਾ ਹੈ।"

ਬੇਰੂਤ : ਜੰਗਬੰਦੀ ਤੋਂ ਬਾਅਦ ਵਾਹਨਾਂ 'ਚ ਸਵਾਰ ਹੋ ਕੇ ਆਪਣੇ ਘਰਾਂ ਨੂੰ ਮੁੜਦੇ ਉਜੜੇ ਹੋਏ ਲੋਕ।

ਜੰਗਬੰਦੀ ਤੋਂ ਬਾਅਦ ਲਿਬਨਾਨ ਮੁੜਨ ਲੱਗੇ ਲੋਕ

ਇਜ਼ਰਾਈਲ ਤੇ ਲਿਬਨਾਨ ਵਿਚਾਲੇ ਜੰਗਬੰਦੀ ਲਾਗੂ ਹੋਣ ਤੋਂ ਬਾਅਦ ਦੱਖਣੀ ਲਿਬਨਾਨ 'ਚ ਹਾਲਾਤ ਆਮ ਵਰਗੇ ਹੋਣ ਲੱਗੇ ਹਨ। ਉੱਜੜੇ ਲੋਕਾਂ ਦੀ ਸ਼ਨੀਵਾਰ ਸਵੇਰ ਤੋਂ ਘਰ ਵਾਪਸੀ ਸ਼ੁਰੂ ਹੋ ਗਈ ਹੈ। ਇਜ਼ਰਾਈਲੀ ਹਮਲਿਆਂ ਕਾਰਨ ਲਿਬਨਾਨ 'ਚ 10 ਲੱਖ ਤੋਂ ਵੱਧ ਲੋਕ ਆਪਣੇ ਘਰ ਛੱਡਣ ਨੂੰ ਮਜਬੂਰ ਹੋਏ ਸਨ। ਖ਼ਾਸ ਤੌਰ 'ਤੇ ਦੱਖਣੀ ਇਲਾਕੇ, ਜੋ ਹਿਜ਼ਬੁੱਲਾ ਦਾ ਗੜ੍ਹ ਮੰਨੇ ਜਾਂਦੇ ਹਨ।

ਜੰਗਬੰਦੀ ਲਾਗੂ ਹੋਣ ਤੋਂ ਬਾਅਦ ਹੁਣ ਲੋਕ ਆਪਣੇ ਪਿੰਡਾਂ ਵੱਲ ਮੁੜ ਰਹੇ ਹਨ। ਵੀਰਵਾਰ ਨੂੰ ਇਕ ਅਹਿਮ ਪੁਲ ਦੇ ਤਬਾਹ ਹੋਣ ਦੀ ਖ਼ਬਰ ਆਈ ਸੀ, ਜਿਸ ਨਾਲ ਹਜ਼ਾਰਾਂ ਲੋਕ ਦੇਸ਼ ਦੇ ਬਾਕੀ ਹਿੱਸਿਆਂ ਤੋਂ ਕੱਟੇ ਗਏ ਸਨ। ਹੁਣ ਇਸ ਪੁਲ ਦੀ ਮੁਰੰਮਤ ਹੋ ਚੁੱਕੀ ਹੈ, ਜਿਸ ਨਾਲ ਆਵਾਜਾਈ ਮੁੜ ਸ਼ੁਰੂ ਹੋ ਗਈ ਹੈ। ਸ਼ਨੀਵਾਰ ਨੂੰ ਇਸ ਪੁਲ 'ਤੇ ਦੋਵਾਂ ਦਿਸ਼ਾਵਾਂ 'ਚ ਵਾਹਨਾਂ ਦੀ ਆਵਾਜਾਈ ਦੇਖੀ ਗਈ। ਦੱਖਣ ਵੱਲ ਮੁੜ ਰਹੇ ਕਈ ਵਾਹਨਾਂ 'ਤੇ ਹਿਜ਼ਬੁੱਲਾ ਦੇ ਝੰਡੇ ਵੀ ਨਜ਼ਰ ਆਏ, ਜੋ ਇਲਾਕੇ 'ਚ ਸੰਗਠਨ ਦੇ ਪ੍ਰਭਾਵ ਨੂੰ ਦਰਸਾਉਂਦਾ ਹੈ।

ਈਰਾਨ ਨੇ ਆਪਣੇ ਹਵਾਈ ਖੇਤਰ ਨੂੰ ਅੰਸ਼ਕ ਰੂਪ 'ਚ ਖੋਲ੍ਹਣ ਦਾ ਕੀਤਾ ਐਲਾਨ

ਦੁਬਈ, (ਭਾਸ਼ਾ)–ਈਰਾਨ ਨੇ ਅਮਰੀਕਾ ਤੇ ਇਜ਼ਰਾਈਲ ਨਾਲ ਜੰਗ ਕਾਰਨ ਪਿਛਲੇ 7 ਹਫ਼ਤਿਆਂ ਤੋਂ ਬੰਦ ਆਪਣੇ ਹਵਾਈ ਖੇਤਰ ਨੂੰ ਸ਼ਨੀਵਾਰ ਨੂੰ ਅੰਸ਼ਿਕ ਰੂਪ 'ਚ ਖੋਲ੍ਹਣ ਦਾ ਐਲਾਨ ਕੀਤਾ।

ਨਾਗਰਿਕ ਹਵਾਬਾਜ਼ੀ ਸੰਗਠਨ ਨੇ ਦੱਸਿਆ ਕਿ ਪੂਰਬੀ ਈਰਾਨ ਦੇ ਉੱਪਰ ਦੇ ਹਵਾਈ ਮਾਰਗ ਸਥਾਨਕ ਸਮੇਂ ਅਨੁਸਾਰ ਸਵੇਰੇ 7 ਵਜੇ (ਜੀ. ਐੱਮ. ਟੀ. ਅਨੁਸਾਰ ਤੜਕੇ ਸਾਢੇ ਤਿੰਨ ਵਜੇ) ਤੋਂ ਮੁੜ ਖੋਲ੍ਹ ਦਿੱਤੇ ਗਏ ਹਨ।

ਸਰਕਾਰੀ ਮਲਕੀਅਤ ਵਾਲੇ 'ਈਰਾਨ' ਅਖ਼ਬਾਰ ਮੁਤਾਬਕ ਦੇਸ਼ ਦੇ ਹਵਾਈ ਅੱਡਿਆਂ 'ਤੇ ਉਡਾਣਾਂ ਹੌਲੀ-ਹੌਲੀ ਮੁੜ ਸ਼ੁਰੂ ਹੋਣਗੀਆਂ, ਹਾਲਾਂਕਿ ਇਸ ਦੇ ਲਈ ਕੋਈ ਨਿਸ਼ਚਿਤ ਸਮਾਂ-ਹੱਦ ਨਹੀਂ ਦੱਸੀ ਗਈ।

ਜ਼ਿਕਰਯੋਗ ਹੈ ਕਿ 28 ਫਰਵਰੀ ਨੂੰ ਅਮਰੀਕਾ ਤੇ ਇਜ਼ਰਾਈਲ ਵੱਲੋਂ ਈਰਾਨ 'ਤੇ ਹਮਲੇ ਸ਼ੁਰੂ ਕੀਤੇ ਜਾਣ ਤੋਂ ਬਾਅਦ